FirstRanker.com
Firstranker's choice
www.FirstRanker.com www.FirstRanker.com

This Question Paper consists of **14 questions** and **6 printed pages.**
ਇਸ ਪ੍ਰਸ਼ਨ-ਪੱਤਰ ਵਿੱਚ **14** ਪ੍ਰਸ਼ਨ ਅਤੇ **6** ਮੁਦਰਿਤ ਪੰਨੇ ਹਨ।

**Roll No.**
**ਰੋਲ ਨੰ: ਅੰਕਾਂ ਵਿਚ** | | | | | | | | | | | |

**Code No.** **51/S/O/P**
**ਕੋਡ ਨੰ.**

**Set A**

# PUNJABI
## (ਪੰਜਾਬੀ)
## (210)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿਤੀ** ______________________

**Signature of Invigilators** 1. ______________________
**ਨਿਰੀਖਕਾਂ ਦੇ ਦਸਖ਼ਤ**
2. ______________________

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹਨ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ।
3. ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ।
4. ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ।
5. ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ।
6. ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ **51/S/O/P** ਜ਼ਰੂਰ ਲਿਖੋ।



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

# PUNJABI
## (ਪੰਜਾਬੀ)
## (210)

Time : 3 Hours ] [ Maximum Marks : 100

ਸਮਾਂ : 3 ਘੰਟੇ ] [ ਕੁਲ ਅੰਕ: 100

---

**ਨੋਟ** : (1) **ਸਾਰੇ** ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ:

(2) **ਸਾਰੇ** ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੇ ਉੱਤਰ ਲਿਖੋ:

**1.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ, ਉਸ ਸੰਬੰਧੀ ਪ੍ਰਸ਼ਨਾਂ ਦੇ ਉੱਤਰ ਦਿਓ: **2x4=8**

" ਸਿੱਖ ਧਰਮ ਅਤੇ ਬਾਣੀ ਸੰਸਾਰ ਵਿੱਚ ਸੇਵਾ ਦੇ ਮਹਾਤਮ ਨੂੰ ਸਭ ਤੋਂ ਉੱਚਾ ਰੱਖਿਆ ਗਿਆ। ਸੇਵਾ ਉਹ ਕਰ ਸਕਦਾ ਹੈ ਜੋ ਆਪਣੇ ਬੰਧਨਾਂ ਤੋਂ ਉੱਪਰ ਉੱਠ ਚੁੱਕਾ ਹੈ । ਸੇਵਾ ਉਸ ਵਿਅੱਕਤੀ ਦੇ ਹਿੱਸੇ ਆਉਂਦੀ ਹੈ ਜੋ ਨਿਰਮਾਣਾ ਹੈ, ਜਿਸ ਅੰਦਰ ਦੂਜਿਆਂ ਦੇ ਦੁੱਖ-ਦਰਦ ਵੰਡਣ ਦੀ ਭਾਵਨਾ ਹੋਵੇ।ਸੇਵਾ ਕਿਸੇ ਲਈ ਪਰਉਪਕਾਰ ਮੰਨੀ ਗਈ ਹੈ। ਆਪਣੇ ਲਈ ਤਾਂ ਹਰ ਕੋਈ ਜਿਉਂਦਾ ਹੈ, ਪਰ ਉੱਤਮ ਜੀਉਣਾ ਉਹ ਹੈ ਜੋ ਦੂਜੇ ਲਈ ਜੀਵਿਆ ਜਾਵੇ।

ਮਹਾਤਮਾ ਬੁੱਧ ਨੇ ਕਿਹਾ ਸੀ ਕਿ ਜੋ ਮੇਰੀ ਸੇਵਾ ਕਰਨਾ ਲੋਚਦਾ ਹੈ, ਉਹ ਕਿਸੇ ਰੋਗੀ ਦੀ ਸੇਵਾ ਕਰੇ।ਸਿੱਖ ਇਤਿਹਾਸ ਵਿੱਚ ਭਾਈ ਘਨੁਈਆ ਜੀ ਇਸ ਲਈ ਆਦਰਸ਼ ਹਨ ਕਿਉਂਕਿ ਉਨ੍ਹਾਂ ਦਾ ਜੀਵਨ ਸੇਵਾ ਨੂੰ ਸਮਰਪਿਤ ਸੀ। ਜੰਗਾਂ ਯੁਧਾਂ ਵਿੱਚ ਜ਼ਖ਼ਮੀਆਂ ਨੂੰ ਪਾਣੀ ਪਿਆਉਣਾ ਅਤੇ ਲੰਗਰ ਦੀ ਸੇਵਾ ਕਰਨਾ, ਉਨ੍ਹਾਂ ਦਾ ਕਰਤਾਰੀ ਕੰਮ ਸੀ। ਸੇਵਾ ਭਾਵਨਾ ਵਿੱਚੋਂ ਹੀ ਉਨ੍ਹਾਂ ਨੂੰ ਰੱਬੀ ਮਿਲਾਪ ਦਾ ਫ਼ਖ਼ਰ ਹਾਸਲ ਸੀ।ਅਨਹਦ ਨਾਦ ਦੀ ਧੁਨੀ ਦੀ ਗੂੰਜ ਹਰ ਪਲ ਉਨ੍ਹਾਂ ਨੂੰ ਖਿੜਾਉ ਟਿਕਾਉ ਵਿੱਚ ਰਖਦੀ ਸੀ। ਸੇਵਾ ਭਾਵਨਾ ਨੇ ਹਉਮੈਂ ਦਾ ਨਾਸ ਕਰਨਾ ਹੁੰਦਾ ਹੈ ਅਤੇ ਜਿਸ ਅੰਦਰੋਂ ਹਉਮੈਂ ਮਿੱਟ ਗਈ ਉਹ ਬ੍ਰਹਮ ਨਾਲ ਇੱਕਸਾਰ ਹੋ ਜਾਂਦਾ ਹੈ।ਬਾਣੀ ਵਿੱਚ ਸੇਵਾ ਨੂੰ ਇੰਝ ਪ੍ਰਗਟਾਇਆ ਗਿਆ ਹੈ।

"ਵਿਚਿ ਦੁਨੀਆ ਸੇਵ ਕਮਾਈਐ
ਤਾਂ ਦਰਗਹ ਬੈਸਣ ਪਾਈਐ॥ "

**ਪ੍ਰਸ਼ਨ :**

(i) ਸੇਵਾ ਕਿਹੜਾ ਮਨੁਖ ਕਰ ਸਕਦਾ ਹੈ ?

(ii) ਮਹਾਤਮਾ ਬੁੱਧ ਨੇ ਕਿਸ ਦੀ ਸੇਵਾ ਕਰਨ ਬਾਰੇ ਕਿਹਾ ਸੀ?

(iii) ਭਾਈ ਘਨੁਈਆ ਜੀ ਨੂੰ ਸੇਵਾ ਭਾਵਨਾ ਵਿਚੋਂ ਕਿਸ ਦਾ ਫ਼ਖ਼ਰ ਹਾਸਿਲ ਸੀ?

(iv) ਸੇਵਾ ਭਾਵਨਾ ਕਿਸ ਦਾ ਨਾਸ ਕਰਦੀ ਹੈ? ਉਸਦੇ ਨਾਸ ਹੋਣ ਨਾਲ ਕੀ ਮਿਲਦਾ ਹੈ?

**2.** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ: **1x15=15**

(i) ਪੰਜਾਬੀ ਵਿੱਚ ਹੋੜਾ,ਔਂਕੜ ਅਤੇ ਦੁਲੈਂਕੜ ਕਿਹੜੇ ਸੱਵਰ ਅੱਖਰ ਨਾਲ ਲਾਏ ਜਾਂਦੇ ਹਨ?

(A) ਅ (B) ੲ

(C) ੳ (D) ਕੋਈ ਨਹੀਂ



FirstRanker.com
Firstranker's choice
www.FirstRanker.com

FirstRanker.com
Firstranker's choice


(ii) ਗੁਰਮੁਖੀ ਲਿਪੀ ਵਿੱਚ ਕਿੰਨੇ ਅੱਖਰ ਹੁੰਦੇ ਹਨ?

(A) ਛੱਤੀ (B) ਸੈਂਤੀ (C) ਪੈਂਤੀ (D) ਚੌਂਤੀ

(iii) ਬਿੰਦੀ (.) ਦੀ ਵਰਤੋਂ ਕਿਹੜੇ ਅੱਖਰ ਲਈ ਕੀਤੀ ਜਾਂਦੀ ਹੈ?

(A) ਸ (B) ਲ (C) ਨ (D) ਙ

(iv) ਗੁਰਮੁਖੀ ਲਿਪੀ ਦੇ ਕਿੰਨੇ ਲਗਾਖਰ ਹਨ?

(A) ਚਾਰ (B) ਦੋ (C) ਤਿੰਨ (D) ਇੱਕ

(v) ਅਗੇਤਰ ਕਿਸ ਨੂੰ ਕਹਿੰਦੇ ਹਨ? ਸਹੀ ਵਿਕਲਪ ਚੁਣਕੇ ਲਿਖੋ:

(A) ਜਿਹੜੇ ਸ਼ਬਦਾਂ ਦੇ ਵਿਚਕਾਰ ਲਗਦੇ ਹਨ

(B) ਜਿਹੜੇ ਸ਼ਬਦਾਂ ਦੇ ਅੱਗੇ ਜੁੜਕੇ ਇੱਕ ਨਵਾਂ ਸਾਰਥਕ ਸ਼ਬਦ ਬਣਾਉਂਦੇ ਹਨ

(C) ਜਿਹੜੇ ਸ਼ਬਦਾਂ ਦੇ ਪਿਛੇਤਰ ਨਾਲ ਜੁੜਦੇ ਹਨ

(D) ਜਿਹੜੇ ਸ਼ਬਦਾਂ ਦਾ ਵਿਆਕਰਨਿਕ ਰੂਪ ਬਦਲਦੇ ਹਨ

(vi) ਹੇਠ ਲਿਖੇ ਵਾਕ ਵਿੱਚ ਲਕੀਰੇ ਸ਼ਬਦ ਦੀ ਜਗ੍ਹਾਂ ਹੋਰ ਕਿਹੜਾ ਸਮਾਨਾਰਥੀ ਸ਼ਬਦ ਵਰਤਿਆ ਜਾ ਸਕਦਾ ਹੈ? ਸਹੀ ਵਿਕਲਪ ਚੁਣ ਕੇ ਲਿਖੋ:

ਮੇਰਾ ਦੇਸ਼ ਭਾਰਤ <u>ਵਿਕਾਸ</u> ਕਰ ਰਿਹਾ ਹੈ

(A) ਚੜ੍ਹਤ (B) ਚੜ੍ਹਦੀ ਕਲਾ (C) ਉੱਨਤੀ (D) ਉਭਾਰ

(vii) ਪੜਨਾਂਵ ਕਿਸ ਨੂੰ ਆਖਦੇ ਹਨ? ਸਹੀ ਵਿਕਲਪ ਚੁਣੋ:

(A) ਜੋ ਸ਼ਬਦ ਕਿਸੇ ਮਨੁਖ ਦੇ ਗੁਣ ਦਸਦੇ ਹਨ

(B) ਜੋ ਸ਼ਬਦ ਕਿਸੇ ਪ੍ਰਾਣੀ ਜਾ ਵਸਤੂ ਦੀ ਗਿਣਤੀ ਦਸਦੇ ਹਨ

(C) ਜਿਨ੍ਹਾਂ ਸ਼ਬਦਾਂ ਦੀ ਵਰਤੋਂ ਨਾਂਵ ਸ਼ਬਦਾਂ ਦੀ ਥਾਂ ਤੇ ਹੋਵੇ

(D) ਜੋ ਸ਼ਬਦ ਦੋ ਜਾਂ ਦੋ ਤੋਂ ਵਧ ਅਖਰਾਂ ਦੇ ਮਿਲਣ ਨਾਲ ਬਣਦੇ ਹਨ

(viii) ਹੇਠ ਲਿਖੇ ਵਿਕਲਪਾਂ ਵਿੱਚੋਂ ਸ਼ੁਧ ਸ਼ਬਦ ਚੁਣੋ:?

(A) ਉਪਾਯਾ (B) ਉਪਾਅ (C) ਉਪਾਏ (D) ਉਪਾਯੇ

(ix) ਵਾਕ ਕਿਸ ਨੂੰ ਕਹਿੰਦੇ ਹਨ? ਸਹੀ ਵਿਕਲਪ ਚੁਣੋ:

(A) ਸਾਰਥਕ ਸ਼ਬਦਾਂ ਦੇ ਸਮੂਹ ਨੂੰ

(B) ਸ਼ਬਦਾਂ ਦੇ ਸਮੂਹ ਨੂੰ

(C) ਸਾਰਥਕ ਸ਼ਬਦਾਂ ਦੇ ਤਰਤੀਬ ਵਾਰ ਸਮੂਹ ਨੂੰ

(D) ਦੋ ਸ਼ਬਦਾਂ ਦੇ ਸਮੂਹ ਨੂੰ

(x) ਲਕੀਰੇ ਸ਼ਬਦ ਦਾ ਸਹੀ ਵਿਕਲਪ ਚੁਣੋ:

ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰੱਖਿਆ ਲਈ <u>ਕੁਰਬਾਨੀ</u> ਦਿੱਤੀ, ਨਾਂਵ ਦੀ ਕਿਹੜੀ ਕਿਸਮ ਹੈ?

(A) ਨਾਂਵ, ਆਮ ਨਾਂਵ (B) ਨਾਂਵ, ਖਾਸ ਨਾਂਵ

(C) ਨਾਂਵ, ਵਸਤਵਾਚਕ ਨਾਂਵ (D) ਨਾਂਵ, ਭਾਵ ਵਾਚਕ ਨਾਂਵ



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

(xi) ਸੰਸਾਰ ਵਿਚ ਅਮਨ ਹੋਣਾ ਜਰੂਰੀ ਹੈ।

'ਅਮਨ' ਦਾ ਸਹੀ ਸਮਾਨਾਰਥਕ ਸ਼ਬਦ ਹੈ:

(A) ਸੰਜਮ (B) ਨੇਤਾਗਿਰੀ (C) ਸ਼ਾਂਤੀ (D) ਯੁੱਧ

(xii) ਹੇਠ ਲਿਖੇ ਵਾਕ ਵਿੱਚ ਆਏ ਲਕੀਰੇ ਸ਼ਬਦਾਂ ਦਾ ਸਹੀ ਵਿਪਰੀਤਾਰਥਕ ਸ਼ਬਦ ਚੁਣੋ:

ਗੁਲਾਮੀ ਦੁਖਾਂ ਦੀ ਜਣਨੀ ਹੈ

(A) ਗਣਤੰਤਰ (B) ਆਜ਼ਾਦੀ (C) ਸਵਧੀਨਤਾ (D) ਸਦਾਚਾਰ

(xiii) ਸ਼ਹਿਰ - ਸ਼ਹਿਰ ਵਿੱਚ ਸਹੀ ਸਮਾਸੀ ਸ਼ਬਦ ਚੁਣੋ:?

(A) ਸ਼ਹਿਰ ਅਤੇ ਸ਼ਹਿਰ (B) ਸ਼ਹਿਰੋ-ਸ਼ਹਿਰ

(C) ਬਾਜਾਰੋ-ਬਾਜਾਰ (D) ਸ਼ਹਿਰਾਂ ਦੇ ਸ਼ਹਿਰ

(xiv) ਪੰਜਾਬੀ ਵਿੱਚ ਦੁੱਤ ਅੱਖਰ ਕਿੰਨੇ ਹਨ?

(A) ਚਾਰ (B) ਦੋ (C) ਤਿੰਨ (D) ਪੰਜ

(xiv) ਸ਼ੁਧ ਵਾਕ ਚੁਣੋ:

(A) ਉਸ ਦਾ ਹਾਲ ਕੀ ਹੈ? (B) ਹਾਲ ਕੀ ਹੈ ਉਸਦਾ?

(C) ਉਸ ਦਾ ਕੀ ਹਾਲ ਹੈ? (D) ਉਸ ਦਾ ਹਾਲ ਠੀਕ ਹੋਵੇ ।

3. ਹੇਠ ਲਿਖੇ ਅਖਾਣ ਅਤੇ ਮੁਹਾਵਰਿਆਂ ਨੂੰ ਪੂਰਾ ਕਰੋ: 1x5=5

(i) ਉੱਠਿਆ ਨਾ ਜਾਏ __________

(ii) ਸਸਤਾ ਰੋਵੇ ਵਾਰ ਵਾਰ __________

(iii) ਆਪਣੀ ਪੀੜ੍ਹੀ ਹੇਠ __________

(iv) ਇੱਟ ਘੜੇ ਦਾ __________

(v) ਸੱਤੀਂ ਕਪੜੀਂ __________

4. ਹੇਠ ਲਿਖੇ ਪੈਰੇ ਨੂੰ ਵਿਸ਼ਰਾਮ ਚਿੰਨ੍ਹ ਲਾਓ: 3

"ਧਾਰਮਿਕ ਪੱਖੋਂ ਅਗਵਾਈ ਕਰਨ ਵਾਲੇ ਪ੍ਰਚਾਰਕਾਂ ਦਾ ਸਾਰਾ ਜ਼ੋਰ ਮਨੁੱਖ ਦੀ ਸਖਸ਼ੀਅਤ ਦੇ ਵਿਕਾਸ ਦੀ ਬਜਾਏ ਬਾਹਰੀ ਵੇਸ਼ ਤੇ ਲੱਗਿਆ ਹੋਇਆ ਹੈ ਜਿੱਥੇ ਕਹਿਣੀ ਅਤੇ ਕਰਨੀ ਦਾ ਫ਼ਰਕ ਹੋਵੇ ਉੱਥੇ ਵਡੇ ਤੋਂ ਵੱਡੇ ਮਹਾਤਮਾਵਾਂ ਦੀਆਂ ਗੱਲਾਂ ਬੇ ਅਰਥ ਹੋ ਜਾਂਦੀਆਂ ਹਨ"

5. ਹੇਠ ਲਿਖੇ ਬਹੁ ਅਰਥਕ ਸ਼ਬਦਾਂ ਤੋਂ ਘੱਟੋ-ਘੱਟ ਦੋ ਵਾਕ ਅਜਿਹੇ ਬਣਾਓ ਕਿ ਇੱਕ ਤੋਂ ਵਧ ਅਰਥ ਸਪਸ਼ਟ ਹੋ ਜਾਣ:

ਸੁਰ, ਕੰਡਾ 1x2=2



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

6. ਹੇਠ ਲਿਖੇ ਵਿਸ਼ਿਆਂ ਵਿੱਚੋਂ **ਕਿਸੇ ਇੱਕ** ਵਿਸ਼ੇ ਉੱਤੇ ਲਗਪਗ **250** ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ : **10**
   (i) ਹੱਕ ਪਰਾਇਆ ਨਾਨਕਾ
   (ii) ਪੁਸਤਕਾਂ ਦੀ ਦੁਨੀਆਂ
   (iii) ਦੇਸ਼ ਦੀ ਨੈਤਿਕਤਾ ਦਾ ਪਤਨ
   (iv) ਵਧਦੀ ਆਬਾਦੀ ਦੀ ਸਮੱਸਿਆ

7. ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਕਿ ਦਿੱਲੀ ਵਿੱਚ ਦਿਨੋ-ਦਿਨ ਸੜਕ ਹਾਦਸੇ ਬਹੁਤ ਹੋਣ ਲੱਗ ਪਏ ਹਨ, ਜਿਸ ਨਾਲ ਕਈ ਕੀਮਤੀ ਜਾਨਾਂ ਜਾ ਰਹੀਆਂ ਹਨ। ਇਸ ਦੀ ਰੋਕ ਥਾਮ ਲਈ ਟਰੈਫ਼ਿਕ ਪੁਲਿਸ ਕੁਝ ਠੋਸ ਕਦਮ ਚੁੱਕੇ। **7**

**ਜਾਂ**

ਤੁਹਾਡੇ ਇਲਾਕੇ ਵਿਚ ਬਿਜਲੀ ਲਗਾਤਾਰ ਕਈ ਕਈ ਘੰਟੇ ਨਹੀਂ ਆ ਰਹੀ, ਇਸ ਦੀ ਸੂਚਨਾ ਇਲਾਕੇ ਦੇ ਬਿਜਲੀ ਮੈਨੇਜਰ ਨੂੰ ਦੇਂਦੇ ਹੋਏ, ਕੋਈ ਠੋਸ ਹੱਲ ਕਢਣ ਲਈ ਬੇਨਤੀ ਕਰੋ।

8. " ਫਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸੁ॥ ਗੁਨਹੀ ਭਰਿਆ ਮੈ ਫਿਰਾਂ ਲੋਕੁ ਕਹੈ ਦਰਵੇਸੁ॥ " **5**
   ਇਸ ਉਪਰੋਕਤ ਸ਼ਲੋਕ ਵਿੱਚ ਬਾਬਾ ਫਰੀਦ ਜੀ ਨੇ ਕਿੰਨ੍ਹਾਂ ਲੋਕਾਂ ਉਤੇ ਵਿਅੰਗ ਕੀਤਾ ਹੈ? ਉੱਤਰ **100 -125** ਸ਼ਬਦਾਂ ਵਿੱਚ ਲਿਖੋ।

**ਜਾਂ**

' ਸਾਂਝੇ ਹੋਣ ਮਸੀਤਾਂ ਮੰਦਰ, ਵੱਸੇ ਰੱਬ ਦਿਲਾਂ ਦੇ ਅੰਦਰ,
ਲੀਡਰ ਹੋਣ ਦਿਆਨਤਦਾਰ, ਮੇਲ ਮੁਹੱਬਤ ਦਾ ਪਰਚਾਰ।
ਮਤਲਬੀਏ ਤੇ ਪਾੜਣ ਵਾਲੇ ਭੁੱਲ ਜਾਵਣ ਸ਼ਤਰੰਜ ਦੇ ਚਾਲੇ।
ਟੁੱਕਰਾਂ ਤੋਂ ਨਾ ਵੱਢ ਵੱਢ ਖਾਣ,
ਸਚ ਮੁਚ ਦਾ 'ਇਨਸਾਨਸਤਾਨ'।
ਇਨ੍ਹਾਂ ਸਤਰਾਂ ਰਾਹੀਂ ਕਵੀ ਕੀ ਸੁਨੇਹਾ ਦੇ ਰਿਹਾ ਹੈ? ਉੱਤਰ **100 -125** ਸ਼ਬਦਾਂ ਵਿੱਚ ਲਿਖੋ।

9. 'ਬਸ ਕੰਡੱਕਟਰ' ਕਹਾਣੀ ਦੁਆਰਾ ਡਾ. ਦਲੀਪ ਕੌਰ ਟਿਵਾਣਾ ਆਪਣੇ ਪਾਠਕਾਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦੀ ਹੈ? ਉੱਤਰ **100 -125** ਸ਼ਬਦਾਂ ਵਿੱਚ ਲਿਖੋ। **5**

10. 'ਬੇਈਮਾਨ' ਇਕਾਂਗੀ ਦੇ ਪਾਤਰ ਮੋਟਰ ਠੀਕ ਕਰਵਾਉਣ ਵਾਲੇ ਦਾ ਪਾਤਰ ਚਿਤਰਨ **100 -125** ਸ਼ਬਦਾਂ ਵਿੱਚ ਲਿਖੋ। **5**

11. ਮਹਾਰਾਜਾ ਰਣਜੀਤ ਸਿੰਘ ਨੂੰ ਮਾਨਵਤਾ ਦਾ ਹਾਮੀ ਅਤੇ ਪੰਜਾਬ ਦਾ ਗੌਰਵ ਕਿਉਂ ਕਿਹਾ ਜਾਂਦਾ ਹੈ? ਉੱਤਰ **100 -125** ਸ਼ਬਦਾਂ ਵਿੱਚ ਲਿਖੋ। **5**



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

**12.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ। ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ। **1x12=12**

(i) ਗੁਰੂ ਨਾਨਕ ਦੇਵ ਜੀ ਅਨੁਸਾਰ, ਮਾਨਵੀ ਗੁਣਾਂ ਤੇ ਚੰਗਿਆਈਆਂ ਦਾ ਨਿਚੋੜ ਕਿਸ ਵਿੱਚ ਹੈ?

(ii) "ਇੱਕ ਬਾਜ਼ ਤੋਂ ਕਾਂਉਂ ਨੇ ਕੂੰਜ ਖੋਹੀ" ਇਸ ਕਾਵਿ ਪੰਗਤੀ ਵਿੱਚ 'ਕਾਂ' ਕਿਸ ਦਾ ਪ੍ਰਤੀਕ ਹੈ?

(iii) 'ਸਮਾਂ' ਕਵਿਤਾ ਵਿੱਚ ਕਵੀ ਨੇ ਕੀ ਦੱਸਣ ਦੀ ਕੋਸ਼ਿਸ਼ ਕੀਤੀ ਹੈ?

(iv) ਗੁਰੂ ਨਾਨਕ ਦੇਵ ਜੀ ਦੇ ਮਨ ਵਿੱਚ ਬੀਬੀ ਨਾਨਕੀ ਪ੍ਰਤੀ ਕੀ ਭਾਵਨਾ ਸੀ?

(v) ਮਹਾਰਾਜਾ ਰਣਜੀਤ ਸਿੰਘ ਦੇ ਪਰਜਾ ਨਾਲ ਕਿਹੋ ਜਿਹੇ ਸੰਬੰਧ ਸਨ?

(vi) ਸ. ਭਗਤ ਸਿੰਘ ਬਚਪਨ ਵਿੱਚ ਕਿਸ ਚੀਜ਼ ਨੂੰ ਬੀਜ ਰਿਹਾ ਸੀ?

(vii) ਡਿਪਾਰਟਮੈਂਟਲ ਸਟੋਰਾਂ ਵਿੱਚ ਕਿਹੜੇ ਕੋਡ ਰਾਹੀਂ ਕੰਪਿਊਟਰ ਦੀ ਵਰਤੋਂ ਕੀਤੀ ਜਾਂਦੀ ਹੈ?

(viii) ਟਿੱਕਟ ਚੈਕਰ ਨੇ ਜਦੋਂ ਡਾਕਟਰ ਪਾਲੀ ਕੋਲੋਂ ਟਿਕਟ ਮੰਗੀ ਤਾਂ ਉਸਦੀ ਟਿੱਕਟ ਕਿਸ ਦੇ ਪਾਸ ਸੀ?

(ix) "ਨੰਦੂ" ਕਿੰਨੇ ਸਾਲਾਂ ਦਾ ਸੀ, ਜਦੋਂ ਉਹ ਨੌਕਰੀ ਲਈ ਦਿੱਲੀ ਭੱਜ ਆਇਆ ਸੀ?

(x) ਕਹਾਣੀਕਾਰ ਸ: ਸੁਜਾਨ ਸਿੰਘ ਰਿਕਸ਼ਾ ਵਾਲੇ ਦੀਆਂ ਅੱਖਾਂ ਵਿੱਚ ਕੀ ਦੇਖਦਾ ਹੈ?

(xi) ਮੈਨੇਜਰ ਗਰਾਜ ਦੀ ਕਿਹੜੀ 'ਪਾਲਿਸੀ' ਦਾ ਹਵਾਲਾ ਦਿੰਦਾ ਹੈ?

(xii) ਮੈਨੇਜਰ ਨੇ ਮੋਟਰ ਵਾਲੇ ਨੂੰ ਹੌਂਸਲਾ ਦਿੰਦੇ ਹੋਏ ਕੀ ਆਖਿਆ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **30 - 40** ਸ਼ਬਦਾਂ ਵਿੱਚ ਲਿਖੋ: **2x6=12**

(i) 'ਬੁਲੇ ਸ਼ਾਹ' ਅਨੁਸਾਰ 'ਜਿਸ ਮਾਟੀ ਪਰ ਬਹੁਤੀ ਮਾਟੀ ਤਿਸ ਮਾਟੀ ਹੰਕਾਰ' ਦਾ ਭਾਵ ਸਪਸ਼ਟ ਕਰੋ।

(ii) ਕਵੀ ਪ੍ਰੋ: ਮੋਹਨ ਸਿੰਘ, 'ਖ਼ਨਗਾਹ' ਤੇ ਦੀਵਾ ਬਾਲਣ ਆਈ ਕੁੜੀ ਤੋਂ ਕਿਹੜੇ ਕਿਹੜੇ ਸਵਾਲਾਂ ਦਾ ਜਵਾਬ ਪੁਛਣਾ ਚਾਹੁੰਦਾ ਹੈ?

(iii) ਪ੍ਰਿੰ: ਤੇਜਾ ਸਿੰਘ ਅਨੁਸਾਰ 'ਘਰ' ਦੀ ਪਹਿਚਾਣ ਬਣਾਉਣ ਵਿੱਚ ਕਿੰਨ੍ਹਾਂ ਦਾ ਵਧੇਰੇ ਯੋਗਦਾਨ ਹੁੰਦਾ ਹੈ?

(iv) ਧਰਮ ਦੇ ਪ੍ਰਤੀ ਮਹਾਰਾਜਾ ਰਣਜੀਤ ਸਿੰਘ ਦਾ ਕੀ ਰਵੱਈਆ ਸੀ?

(v) 1928 ਈ: ਵਿੱਚ ਸਾਈਮਨ ਕਮਿਸ਼ਨ ਦੇ ਲਾਹੌਰ ਪੁਜਣ ਸਮੇਂ, ਉੱਥੋਂ ਦੇ ਲੋਕਾਂ ਦੇ ਵਿਰੋਧ ਕਰਨ ਵਾਲਿਆਂ ਵਿੱਚ ਸਭ ਤੋਂ ਪਹਿਲੀ ਕਤਾਰ ਵਿੱਚ ਕੌਣ ਵੱਡੇ ਵੱਡੇ ਲੋਕ ਸਨ?

(vi) ਕੰਡਕਟਰ ਜੀਤ ਬੱਸ ਵਿੱਚ ਡਾਕਟਰ ਪਾਲੀ ਵੱਲ ਵਿਸ਼ੇਸ਼ ਧਿਆਨ ਕਿਉਂ ਦਿੰਦਾ ਸੀ?

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ **50** ਸ਼ਬਦਾਂ ਵਿੱਚ ਲਿਖੋ: **2x3=6**

(i) ਸ਼ਾਹ ਮੁਹੰਮਦ ਨੇ ਸਿੱਖ ਫੌਜਾਂ ਦੀ ਹਾਰ ਦਾ ਕਾਰਨ ਕੀ ਮੰਨਿਆ ਹੈ?

(ii) ਜਿਸ ਰਿਕਸ਼ੇ ਉੱਤੇ ਮੈਂ ਪਾਤਰ(ਕਹਾਣੀਕਾਰ) ਬੈਠਾ ਸੀ, ਉਸ ਰਿਕਸ਼ੇ ਵਾਲੇ ਨੇ ਆਪਣੇ ਬਾਰੇ ਲੇਖਕ ਨੂੰ ਕੀ ਦੱਸਿਆ?

- o O o -



FirstRanker.com
Firstranker's choice
www.FirstRanker.com